# ਕਲ ਤਾਰਨ ਗੁਰੂ ਨਾਨਕ ਆਇਆ



ਅਮਰਜੀਤ ਸਿੰਘ ਸੰਧੂ

ਭੇਟਾ:- ਤੁਹਾਡੀ ਮੁਹੱਬਤ

# ਕਲ ਤਾਰਨ ਗੁਰੂ ਨਾਨਕ ਆਇਆ

**ਨਵਦੀਪ ਸਿੱਖਿਆ ਸੰਸਥਾ ਦਕੋਹਾ (ਜਲੰਧਰ)**

**ਵੱਲੋਂ**

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਦਕੋਹਾ (ਜਲੰਧਰ)**

**ਵਿਖੇ ਮਿਤੀ 21-11-91 ਨੂੰ ਪੇਸ਼ ਕੀਤਾ ਗਿਆ ਪ੍ਰੋਗਰਾਮ**

*ਵਾਚਕ ਤੇ ਲੇਖਕ: ਅਮਰਜੀਤ ਸਿੰਘ ਸੰਧੂ*

421-ਦਕੋਹਾ (ਜਲੰਧਰ)

•

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫ਼ਤਿਹ॥

ਸਾਧ ਸੰਗਤ ਜੀ, ਆਪ ਸਭ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਣ ਪੁਰਬ ਦੀ ਕੋਟਿ ਕੋਟਿ ਵਧਾਈ ਹੋਵੇ। ਸਤਿਗੁਰਾਂ, ਮਹਾਨ ਗੁਰਸਿੱਖਾਂ ਅਤੇ ਮਹਾਪੁਰਸ਼ਾਂ ਦੇ ਪੁਰਬ ਹੀ ਸਾਡੇ ਤਿਉਹਾਰ ਹਨ ਤੇ ਇਹਨਾਂ ਤਿਉਹਾਰਾਂ 'ਤੇ ਉਹਨਾਂ ਦੇ ਪਰਉਪਕਾਰਾਂ ਤੇ ਕੁਰਬਾਨੀਆਂ ਨੂੰ ਯਾਦ ਕਰਨਾ ਅਤੇ ਆਪਣੇ ਜੀਵਨ ਨੂੰ ਉਹਨਾਂ ਦੇ ਅਨੁਰੂਪ ਢਾਲਣ ਦੀ ਕੋਸ਼ਿਸ਼ ਕਰਨਾ ਹੀ ਉਹਨਾਂ ਨੂੰ ਸੱਚੀ ਸ਼ਰਧਾਜਲੀ ਹੁੰਦੀ ਹੈ।

ਜਾਂ ਡੁੱਬਿਆ ਸੂਰਜ ਸੱਚ ਦਾ, ਹੋਇਆ ਅੰਧਿਆਰਾ॥
ਜਾਂ ਧਰਮ ਵਿਚ ਵੀ ਹੋ ਗਿਆ, ਸਭ ਕੂੜ-ਪਸਾਰਾ॥
ਜਾਂ ਰਾਖਾ ਬਣਿਆ ਦੇਸ਼ ਦਾ, ਜ਼ਾਲਿਮ ਹਤਿਆਰਾ॥
ਜਾਂ ਰਾਹ ਦਾ ਡਾਕੂ ਬਣ ਗਿਆ, ਰਾਹ ਦੱਸਣ-ਹਾਰਾ॥
ਜਾਂ ਬੰਦੇ ਵਿਚੋਂ ਬੰਦਗੀ, ਕਰ ਗਈ ਕਿਨਾਰਾ॥
ਤਾਂ ਆਇਆ ਨਾਨਕ ਜੱਗ 'ਤੇ ਕਲਿ-ਤਾਰਨਹਾਰਾ॥
ਤਾਂ ਆਇਆ ਨਾਨਕ ਜੱਗ 'ਤੇ ਕਲਿ-ਤਾਰਨਹਾਰਾ॥

ਅੱਜ ਮੈਂ ਨਵਦੀਪ ਸਿੱਖਿਆ ਸੰਸਥਾ ਦੇ ਨੱਨੇ ਮੁੱਨੇ ਬਾਲਕ ਲੈ ਕੇ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਹਾਂ। ਇਕ ਭਾਈ ਗੁਰਦਾਸ ਜੀ ਦੀ 'ਵਾਰ'

ਅਤੇ ਬਾਕੀ ਆਪਣੀਆਂ ਰਚਨਾਵਾਂ ਇਹਨਾਂ ਬੱਚਿਆਂ ਦੇ ਮੁੱਖ ਤੋਂ ਆਪ ਜੀ ਨੂੰ ਸਰਵਣ ਕਰਵਾਵਾਂਗਾ। ਆਸ ਹੈ ਕਿ ਆਪ ਮਨ ਚਿੱਤ ਲਾ ਕੇ ਸੁਣਦੇ ਹੋਏ ਬੱਚਿਆਂ ਦਾ ਹੌਸਲਾ ਵਧਾਉਗੇ।

ਭਾਈ ਗੁਰਦਾਸ ਜੀ, ਗੁਰਬਾਣੀ ਦੇ ਪਹਿਲੇ ਵਿਆਖਿਆਕਾਰ ਕਵੀ ਹੋਏ ਹਨ। ਉਹਨਾਂ ਦੀ ਕਾਵਿ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਹੋਣ ਦਾ ਮਾਣ ਹਾਸਿਲ ਹੈ। ਉਹਨਾਂ ਦੀ ਹੀ ਇਕ ਵਾਰ ਗੁਰੂ ਨਾਨਕ ਦੇਵ ਜੀ ਦੀ ਫੁਲਵਾੜੀ ਦੇ ਨੰਨੇ ਫੁੱਲ ਪੇਸ਼ ਕਰ ਰਹੇ ਹਨ ਆਉ ਸਰਵਣ ਕਰੀਏ:-

ਸਤਿਗੁਰ ਨਾਨਕ ਪਰਗਟਿਆ, ਮਿਟੀ ਧੁੰਧ ਜਗਿ ਚਾਨਣ ਹੋਆ॥
ਜਿਉਂ ਘਰ ਸੂਰਜ ਨਿਕਲਿਆ, ਤਾਰੇ ਛਪੇ, ਅੰਧੇਰ ਪਲੋਆ॥
ਸਿੰਘ ਬੁਕੇ ਮਿਰਗਵਾਲੀ, ਭੰਨੀ ਜਾਇ ਨ ਧੀਰਿ ਧਰੋਆ॥
ਜਿੱਥੇ ਬਾਬਾ ਪੈਰ ਧਰੈ, ਪੂਜਾ ਆਸਣੁ ਥਾਪਣੁ ਸੋਆ॥
ਸਿਧ ਆਸਣਿ ਸਭਿ ਜਗਤ ਦੇ, ਨਾਨਕ ਆਦਿ ਮਤੇ ਜੇ ਕੋਆ॥
ਘਰਿ ਘਰਿ ਅੰਦਰ ਧਰਮਸਾਲ, ਹੋਵੈ ਕੀਰਤਨੁ ਸਦਾ ਵਿਸੋਆ॥
ਬਾਬੇ ਤਾਰੇ ਚਾਰਿ ਚਕਿ, ਨਉ ਖੰਡਿ ਪ੍ਰਿਥਮੀ ਸਚਾ ਢੋਆ॥
ਗੁਰਮੁਖਿ ਕਲਿ ਵਿਚ ਪਰਗਟੁ ਹੋਆ॥੨੭॥

ਵਾਰ ੧ ਪਉੜੀ ੨੭ (ਭਾਈ ਗੁਰਦਾਸ ਜੀ)

(ਜੋਟੀਆਂ ਦੀਆਂ ਧਾਰਨਾ 'ਤੇ ਗਾਈ ਗਈ।)

'ਗੁਰਮੁਖ ਕਲਿ ਵਿਚ ਪਰਗਟ ਹੋਆ।' ਹਾਂ, ਬਾਬਾ ਨਾਨਕ ਜੀ ਕਲਯੁਗ ਵਿਚ ਉਸ ਵੇਲੇ ਪਰਗਟ ਹੋਏ ਜਦ ਚਾਰ ਚੁਫੇਰੇ ਅੰਧਕਾਰ ਹੀ ਅੰਧਕਾਰ ਸੀ। ਰਾਜਸੀ ਤੌਰ 'ਤੇ ਮੁਸਲਮਾਨ ਹਾਕਮਾਂ ਦਾ ਹੱਥ ਉੱਤੇ ਸੀ ਤੇ ਉਹ ਹਿੰਦੂ ਪਰਜਾ ਨੂੰ ਵੱਧ ਤੋਂ ਵੱਧ ਜ਼ਲੀਲ ਕਰਨ ਦੀ ਕੋਸ਼ਿਸ਼ ਵਿਚ ਰਹਿੰਦੇ ਸਨ। ਤੀਰਥ ਯਾਤਰਾਵਾਂ 'ਤੇ ਟੈਕਸ ਲਾ ਕੇ ਉਹਨਾਂ ਨੂੰ ਨਿਰਉਤਸ਼ਾਹ ਕੀਤਾ ਜਾਂਦਾ ਸੀ। ਮੰਦਰ ਢਾਹ ਕੇ ਮਸੀਤਾਂ ਉਸਾਰੀਆਂ ਜਾ ਰਹੀਆਂ ਸਨ। ਕਿਸੇ ਹਿੰਦੂ ਨੇ ਇਕ ਗਊ ਵੀ ਦਰਿਆ ਤੋਂ ਪਾਰ ਲੰਘਾਉਣੀ ਹੁੰਦੀ ਸੀ ਤਾਂ ਉਸ 'ਤੇ ਟੈਕਸ ਲੱਗਦਾ ਸੀ। ਇੱਥੋਂ ਤੱਕ ਕਿ ਮੁਸਲਮਾਨ ਇਸ ਖ਼ਿਆਲ ਦੇ ਧਾਰਨੀ ਹੋ ਚੁੱਕੇ ਸਨ, ਕਿ ਉਹ ਸਮਝਦੇ ਸਨ ਕਿ ਜੇ ਇਕ ਮੁਸਲਮਾਨ ਨੇ ਥੁੱਕਣਾ ਹੋਵੇ ਤਾਂ ਹਿੰਦੂ ਨੂੰ ਚਾਹੀਦਾ ਹੈ ਕਿ ਆਪਣਾ ਮੂੰਹ ਖੋਲ੍ਹ ਦੇਵੇ ਤਾਂ ਕਿ ਮੁਸਲਮਾਨ ਆਰਾਮ ਨਾਲ ਉਸ ਵਿਚ ਥੁੱਕ ਸਕੇ। ਇੰਨੀ ਜ਼ਲਾਲਤ ਭਰਿਆ ਜੀਵਨ ਜੀਉਂਦਿਆਂ ਵੀ ਹਿੰਦੂ ਆਪਣੇ ਹੀ ਭਰਾਵਾਂ ਨੂੰ ਨੀਚ ਸਮਝਦੇ ਸਨ। ਧਰਮ ਦਾ ਇਹ ਹਾਲ ਸੀ ਕਿ ਹਿੰਦੂ ਘਰ ਅੰਦਰ ਲੁਕ ਕੇ ਤਾਂ ਵੇਦ ਪੜ੍ਹਦਾ ਸੀ ਪਰ ਬਾਹਰ ਮੁਸਲਮਾਨਾਂ ਵਾਲੀ ਰਹਿਤ ਰੱਖਣ ਲਈ ਮਜ਼ਬੂਰ ਸੀ। ਮੁਸਲਮਾਨ ਧਰਮ ਵੀ ਪੂਰੇ ਨਿਘਾਰ 'ਤੇ ਸੀ। ਕਾਜੀ ਵੱਢੀ ਲੈ ਕੇ ਗ਼ਲਤ ਫ਼ੈਸਲੇ ਕਰਿਆ ਕਰਦੇ ਸਨ ਤੇ ਗ਼ਰੀਬ ਜੰਤਾ ਉੱਤੇ ਜ਼ੁਲਮ ਢਾਹੁਣ ਵਿਚ ਹਾਕਮਾਂ ਦਾ ਸੱਜਾ ਹੱਥ ਹੋਣ ਦਾ ਫ਼ਰਜ਼ ਨਿਭਾ ਰਹੇ ਸਨ। ਦਾਸ ਨੇ ਆਪਣੀ ਕਲਮ ਰਾਹੀਂ ਉਸ ਵੇਲੇ ਦਾ ਹੀ ਜ਼ਿਕਰ ਕੀਤਾ ਹੈ:-

ਜਾਂ ਚਾਰ ਚੁਫ਼ੇਰੇ ਫੈਲਿਆ, ਜਬਰ , ਜ਼ੁਲਮ ਅੰਧਕਾਰ॥
ਹਾਕਮ ਬਣ ਗਏ ਜਲਾਦ ਜਾਂ, ਲੋਕ ਬਣੇ ਮੁਰਦਾਰ॥
ਬੇ-ਸਮਝਾ, ਬੇ-ਗੈਰਤਾ, ਭਟਕ ਰਿਹਾ ਸੰਸਾਰ॥
ਬੇੜੀ ਦੀਨ ਈਮਾਨ ਦੀ, ਆਣ ਫਸੀ ਮੰਝਧਾਰ॥
ਭੀੜ ਬਣੀ ਤਾਂ ਹੱਥ 'ਚੋਂ ਛੁੱਟ ਗਏ ਪਤਵਾਰ॥
ਓਦੋਂ ਗੂੰਜੀ ਜੱਗ 'ਤੇ , ਨਾਨਕ ਦੀ ਲਲਕਾਰ॥
ਆਵੋ ਮਿੱਤਰ-ਪਿਆਰਿਓ! ਕਹਿ ਕੇ, 'ਸਤਿ ਕਰਤਾਰ'॥
ਵਾਹਿਗੁਰੂ ਨਾਮ ਜਹਾਜ਼ ਹੈ, ਚੜ੍ਹੇ ਸੋ ਉਤਰੇ ਪਾਰ॥
ਵਾਹਿਗੁਰੂ ਨਾਮ ਜਹਾਜ਼ ਹੈ, ਚੜ੍ਹੇ ਸੋ ਉਤਰੇ ਪਾਰ॥

ਸੱਚ-ਮੁੱਚ 'ਵਾਹਿਗੁਰੂ' ਦਾ ਨਾਮ ਜਹਾਜ਼ ਹੀ ਹੈ, ਜਿਸ ਜਹਾਜ਼ 'ਤੇ ਸਵਾਰ ਹੋ ਕੇ ਸਤਿਗੁਰ ਸੱਚੇ-ਪਾਤਸ਼ਾਹ ਦੀ ਅਗਵਾਈ ਵਿੱਚ ਸਿੱਧੇ 'ਸੱਚ-ਖੰਡ' ਜਾ ਉੱਤਰੀਦਾ ਹੈ। ਆਉ ਇਸੇ ਆਸ਼ੇ ਦੀ ਇੱ ਕਵਿਤਾ (ਗੱਡੀ ਦੀ ਧਾਰਨਾ ਵਿੱਚ) ਛੋਟੇ-ਛੋਟੇ ਬੱਚਿਆਂ ਦੇ ਮਿੱਠੇ ਕੰਠਾਂ ਤੋਂ ਸੁਣੀਏ-

## ਨਾਮ ਦਾ ਜਹਾਜ਼

('ਗੱਡੀ' ਦੀ ਧੁੰਨ ਤੇ ਗਾਵਣਾ)

ਸਾਡੇ ਗੁਰਾਂ ਨੇ ਜਹਾਜ਼ ਬਣਾਇਆ
ਤੇ ਭਵਜਲ ਤਾਰਨ ਲਈ॥

ਬਈ ਹੋਕਾ ਦੇਣ ਪਏ
ਦੇਣ ਪਏ ਜਹਾਜ਼ੀ ਸਾਰੇ
ਤੇ 'ਆ ਜਾਉ ਜਿੰਨ੍ਹੇ ਪਾਰ ਲੰਘਣਾ॥'

ਬਈ ਲੋਕੀਂ ਟੁੱਟ ਕੇ,
ਟੁੱਟ ਕੇ ਜਹਾਜ਼ ਨੂੰ ਪੈ ਗਏ
ਤੇ ਜਿਵੇਂ ਜਿਵੇਂ ਸੁਣਦੇ ਗਏ॥

ਬਈ ਸੀਟਾਂ ਮੱਲੀਆਂ
ਮੱਲੀਆਂ ਗੁਰਾਂ ਦੇ ਪਿਆਰਿਆਂ
ਤੇ ਨਾਮ ਦੀ ਕਮਾਈ ਤਾਰ ਕੇ॥

ਬਈ ਆ ਗਏ ਛੱਡ ਕੇ
ਛੱਡ ਕੇ ਪਖੰਡ ਤੇ ਵਿਖਾਵੇ
ਤੇ ਸੱਚੇ ਨਾਲ ਲਿਵ ਲੱਗ ਗਈ॥

ਬਈ ਸਾਰੇ ਭੁੱਲ ਗਏ
ਭੁੱਲ ਗਏ ਭਰਮ ਤੇ ਭੁਲੇਖੇ
ਤੇ ਚਿਤ ਨੂਰੋ ਨੂਰ ਹੋ ਗਿਆ॥

ਬਈ ਜਾਤ ਪਾਤ ਦਾ
ਪਾਤ ਦਾ ਰਿਹਾ ਨਾ ਚੇਤਾ
ਤੇ ਇੱਕੋ ਨਾਮ ਯਾਦ ਰਹਿ ਗਿਆ॥

ਬਈ ਬੋਲੋ 'ਵਾਹਿਗੁਰੂ'
ਵਾਹਿਗੁਰੂ ਬਲਾਉਂਦੇ ਜਾਂਦੇ
ਤੇ ਆਏ ਕਈ ਤੂਫ਼ਾਨ ਅੱਗਿਓਂ॥

ਬਈ ਵਾਂਗ ਯੋਧਿਆਂ
ਯੋਧਿਆਂ ਟਾਕਰੇ ਕੀਤੇ
ਤੇ ਸੀਸ ਤੱਕ ਭੇਟ ਕਰ 'ਤੇ॥

ਬਈ ਜਦੋਂ ਸੜਦੀ
ਸੜਦੀ ਤਵੀ 'ਤੇ ਗੁਰੂ ਬੈਠੇ
ਤਾਂ ਕਿੰਜ ਨਾ ਪਤੰਗ ਸੜਦੇ?

ਬਈ ਸੀਸ ਚਾਂਦਨੀ
ਚਾਂਦਨੀ ਚੌਂਕ ਵਿਚ ਦੇ ਕੇ
ਤੇ ਨੌਂਵੇ ਗੁਰੂ ਨਾਨਕ ਨੇ॥

ਬਈ ਪਾਏ ਪੂਰਨੇ
ਪੂਰਨੇ ਅਣਖ ਦੀ ਖ਼ਾਤਿਰ
ਜਾਨ ਕੁਰਬਾਨ ਕਰ ਗਏ॥

ਬਈ ਫੇਰ ਸਿੰਘ ਵੀ
ਸਿੰਘ ਵੀ ਚਲੇ ਉਸੇ ਰਾਹੇ
ਤੇ ਚਾਅ ਕੁਰਬਾਨੀਆਂ ਦੇ॥

ਬਈ ਆਰੇ ਚੀਰ ਗਏ
ਚੀਰ ਗਏ ਬਦਨ ਵਿਚਕਾਰੋਂ
ਤੇ ਖੋਪਰੀ ਲੁਹਾਈ ਖਾਲਸੇ॥

ਬਈ ਚੜ੍ਹੇ ਚਰਖੀ
ਚਰਖੀ ਅਨੰਦ ਸਾਹਿਬ ਪੜ੍ਹਦੇ
ਤੇ ਬੀਬੀਆਂ ਨੇ ਬਾਲ ਵਾਰ 'ਤੇ॥

ਬਈ ਵਾਰੇ ਖ਼ਾਲਸੇ
ਖ਼ਾਲਸੇ ਸੁੱਖਾਂ ਦੇ ਸੋਮੇ
ਤੇ ਦੁੱਖਾਂ ਵਿਚ ਪਾ ਲਈ ਜਿੰਦੜੀ॥

ਬਈ ਤਾਂ ਹੀ ਝੂਲਦੇ
ਝੂਲਦੇ ਨਿਸ਼ਾਨ ਦਿਸੀਂਦੇ
ਤੇ ਸਤਿਗੁਰ ਨਾਨਕ ਦੇ॥
ਦਵਾਰ ਤੇ॥
ਦਵਾਰ ਤੇ॥

ਤੇ ਸਤਿਗੁਰ ਨਾਨਕ ਨੇ
ਪਾਪੀ ਤਾਰ ਤੇ॥
ਪਾਪੀ ਤਾਰ ਤੇ॥

ਨਵਦੀਪ ਸਿੱਖਿਆ ਸੰਸਥਾ ਦੇ ਛੋਟੇ ਛੋਟੇ ਬੱਚਿਆਂ ਤੋਂ ਆਪ ਜੀ ਨੇ ਇੱਕ ਪੁਰਾਤਨ ਛੰਦ-ਪ੍ਰਬੰਧ ਸੁਣਿਆ। ਇਸ ਛੰਦ ਨੂੰ 'ਗੱਡੀ' ਦਾ ਨਾਮ ਦਿੱਤਾ ਜਾਂਦਾ ਹੈ। ਕਿਉਂਕਿ ਇਹ ਰੇਲ ਗੱਡੀ ਵਾਂਗ ਹੌਲੀ-ਹੌਲੀ ਚੱਲਦੀ ਹੈ ਤੇ ਫਿਰ ਧੀਰੇ-ਧੀਰੇ ਤੇਜ਼ ਹੁੰਦੀ ਜਾਂਦੀ ਹੈ। ਅੰਤ ਦੇ ਨੇੜੇ ਇਹ ਪੂਰੀ ਰਫ਼ਤਾਰ 'ਤੇ ਹੁੰਦੀ ਹੈ ਪਰ ਆਖ਼ਰ 'ਤੇ ਸ਼ਟੇਸ਼ਨ ਆ ਜਾਣ ਤੇ ਰੁਕਦੀ ਗੱਡੀ ਵਾਂਗ ਇਕ ਦਮ ਧੀਮੀ ਰਫ਼ਤਾਰ 'ਤੇ ਆ ਕੇ ਖ਼ਤਮ ਹੋ ਜਾਂਦੀ ਹੈ। ਪੁਰਾਣੇ ਸਮਿਆਂ ਵਿੱਚ ਇਹ ਕਾਵਿ-ਰੂਪ ਬਹੁਤ ਹਰਮਨ ਪਿਆਰਾ ਸੀ।

ਕਿਸੇ ਸਤਿਕਾਰਿਆ ਬੰਦੇ ਨੂੰ, ਧਰਮਾਂ ਦੀ ਬਨਾ ਉਤੇ,
ਕਿਸੇ ਸਤਿਕਾਰਿਆ ਬੰਦੇ ਨੂੰ, ਉਸ ਦੀ ਜ਼ਰ-ਜ਼ਮੀਂ ਕਰਕੇ॥
ਕੋਈ ਸਤਿਕਾਰਦਾ ਹੈ ਆਦਮੀ ਨੂੰ, ਆਪਣੇ ਹਿਤ ਖ਼ਾਤਿਰ,
ਤੁਸਾਂ ਸਤਿਕਾਰਿਆ ਸੀ ਆਦਮੀ ਨੂੰ, ਆਦਮੀ ਕਰਕੇ॥

ਹਾਂ ਨਾਨਕ ਘਰ ਵਿੱਚ ਸਭ ਨੂੰ ਸਤਿਕਾਰ ਮਿਲਦਾ ਹੈ। ਪਰ ਇਹ ਸਤਿਕਾਰ ਕਿਸੇ ਦੀ ਦੌਲਤ, ਜ਼ਮੀਨ, ਜਾਇਦਾਦ ਜਾਂ ਸਰੀਰਕ ਅਤੇ ਫੌਜੀ ਤਾਕਤ ਕਾਰਨ ਨਹੀਂ ਮਿਲਦਾ। ਬਾਬੇ ਨਾਨਕ ਦਾ ਘਰ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਡਰਾਉਣ ਵਿੱਚ ਵਿਸ਼ਵਾਸ਼ ਰੱਖਦਾ ਹੈ। ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਕਿਆ ਖ਼ੂਬ ਫ਼ਰਮਾਇਆ ਹੈ ਕਿ:-

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ॥

ਅਤੇ ਬਾਬਾ ਨਾਨਕ ਜੀ ਨੇ ਤਾਂ ਸਿੱਖੀ ਨੂੰ ਗੁੜ੍ਹਤੀ ਹੀ ਇਸ ਨਿਰਭੈਤਾ ਦੀ ਦਿੱਤੀ ਸੀ। ਇਸ ਭਾਵ ਨੂੰ ਪ੍ਰਗਟ ਕਰਦੀ ਪੇਸ਼ ਹੈ ਇੱਕ ਕਵੀਸ਼ਰੀ ਨੰਨ੍ਹੇ-ਮੁੰਨੇ ਬੱਚਿਆਂ ਜੀ ਜ਼ੁਬਾਨੀ-

## ਕਵੀਸ਼ਰੀ

ਕਲਯੁੱਗ ਵਿਚ ਜਦ ਕੂੜ ਪਸਰਿਆ,
ਤਾਂ ਗੁਰੂ ਨਾਨਕ ਆਇਆ॥
ਜਾਬਰ ਤੋਂ ਨਹੀਂ ਡਰਿਆ ਬਾਬਾ,
ਬਾਬਰ ਨੂੰ ਹੱਥ ਪਾਇਆ॥

ਜਿੱਥੇ ਕਿਤੇ ਫੈਲਿਆ ਨ੍ਹੇਰਾ, ਕੂੜ ਦੀ ਮੱਸਿਆ ਲੱਗੀ॥
ਜਿੱਥੇ ਕਿਧਰੇ ਧਰਮ-ਆਗੂਆਂ, ਧਰਮ ਬਣਾਇਆ ਠੱਗੀ॥
ਓਥੇ ਹੀ ਜਾ ਕੇ ਬਾਬੇ ਨੇ,
ਸੱਚਾ ਰਾਹ ਦਿਖਾਇਆ॥
ਜਾਬਰ ਤੋਂ ਨਹੀਂ ਡਰਿਆ ਬਾਬਾ,
ਬਾਬਰ ਨੂੰ ਹੱਥ ਪਾਇਆ॥

ਨਿਰਧਨ ਲਾਲੋ ਨਾਲ ਯਰਾਨਾ, ਭਾਗੋ ਮਲਿਕ ਨਾ ਭਾਵੇ॥
ਕਦੀ ਲੁਟੇਰੇ ਕੋਲ ਨਾ ਬੈਠੇ, ਲੱਖ ਉਹ ਸੱਦਣ ਆਵੇ॥
ਜ਼ਾਲਿਮ ਦੀ ਰੋਟੀ 'ਚੋਂ ਉਸਨੇ,
ਕੱਢ ਕੇ ਲਹੂ ਦਿਖਾਇਆ॥
ਜਾਬਰ ਤੋਂ ਨਹੀਂ ਡਰਿਆ ਬਾਬਾ,
ਬਾਬਰ ਨੂੰ ਹੱਥ ਪਾਇਆ॥

ਧਰਤ ਲੁਕਾਈ ਸੋਧਣ ਖ਼ਾਤਿਰ, ਜਦ ਮੱਕੇ ਵੱਲ ਆਏ॥
ਪੂਰਬ ਪੱਛਮ ਦੇ ਸਭ ਝਗੜੇ, ਮਿੰਟਾਂ ਵਿੱਚ ਮੁਕਾਏ॥
ਪੈਰਾਂ ਨਾਲ ਹੀ ਬਾਬੇ ਮੱਕਾ,
ਚੱਕੀ ਵਾਂਗ ਘੁਮਾਇਆ॥
ਜਾਬਰ ਤੋਂ ਨਹੀਂ ਡਰਿਆ ਬਾਬਾ,
ਬਾਬਰ ਨੂੰ ਹੱਥ ਪਾਇਆ॥

ਜਦ ਬਾਬਰ ਨੇ ਹਮਲਾ ਕੀਤਾ, ਤੇ ਕਤਲਾਮ ਮਚਾਈ॥
ਵਿੱਚ ਬਜ਼ਾਰਾਂ ਰੋਲੀ ਉਸਨੇ, ਜਦ ਭਾਰਤ ਦੀ ਜਾਈ॥

ਤਾਂ ਉਸਦੇ ਮੂੰਹ 'ਤੇ ਬਾਬੇ ਨੇ,
ਸੱਚੋ-ਸੱਚ ਸੁਣਾਇਆ॥
ਜਾਬਰ ਤੋਂ ਨਹੀਂ ਡਰਿਆ ਬਾਬਾ,
ਬਾਬਰ ਨੂੰ ਹੱਥ ਪਾਇਆ॥

ਬਾਬਾ ਤਾਂ ਰੱਬ ਨੂੰ ਵੀ ਪੁੱਛਦੈ, "ਕਿਉਂ ਅਨਹੋਣੀ ਹੋਈ?
ਜੇ ਤਕੜਾ ਤਕੜੇ ਨੂੰ ਮਾਰੇ, ਤਾਂ ਮਨ ਰੋਸ ਨਾ ਕੋਈ॥
ਪਰ ਮਾੜੇ ਨੂੰ ਮਾਰ ਪਈ ਜਦ,
ਤੈਂ ਕੀ ਦਰਦ ਨਾ ਆਇਆ।"
ਜਾਬਰ ਤੋਂ ਨਹੀਂ ਡਰਿਆ ਬਾਬਾ,
ਬਾਬਰ ਨੂੰ ਹੱਥ ਪਾਇਆ॥

ਬਾਬਰ ਜਿਹੇ ਜਾਬਰ ਨੂੰ ਹੱਥ ਪਾਉਣ ਵਾਲੇ ਬਾਬਾ ਨਾਨਕ ਨੇ ਆਪਣੇ ਸਮਾਜ ਵਿਚਲੀਆਂ ਕੁਰੀਤੀਆਂ ਤੇ ਗ਼ਲਤ ਕਦਰਾਂ ਕੀਮਤਾਂ ਦੇ ਫੋੜੇ 'ਤੇ ਵੀ ਇੱਕ ਚੰਗੇ ਜਿਰਾਹ (ਸਰਜਨ ਡਾਕਟਰ) ਵਾਂਗ ਸੱਚ ਦਾ ਨਸ਼ਤਰ ਚਲਾ ਕੇ ਉਸ ਵਿੱਚੋਂ ਗੰਦਾ ਮਾਦਾ ਕੱਢ ਸੁੱਟਣ ਦਾ ਜ਼ੁਰਅਤ ਭਰਿਆ ਕਦਮ ਚੁੱਕਿਆ। ਦਾਸ ਲਿਖਦੈ-

ਜਦ ਨਾਰੀ ਹੋਣਾ ਪਾਪ ਸੀ, ਨਰ ਹੋਣਾ ਵਰਦਾਨ॥
'ਨਾਰੀ ਜੁੱਤੀ ਪੈਰ ਦੀ', ਆਖੇ ਕੁੱਲ ਜਹਾਨ॥
ਨਾਰੀ ਨੂੰ ਦੁਕਾਰਦੀ, ਨਾਰੀ ਦੀ ਸੰਤਾਨ॥
ਮਾਵਾਂ, ਭੈਣਾਂ, ਬੇਟੀਆਂ ਜਾਏਦਾਦ ਸਦਾਨ॥
ਉਦੋਂ ਜਗ 'ਚ ਗੂੰਜਿਆ, ਨਾਨਕ ਦਾ ਫ਼ੁਰਮਾਨ॥
"ਸੋ ਕਿਉਂ ਮੰਦਾ ਆਖੀਏ, ਜਿਤ ਜੰਮੇ ਰਾਜਾਨ॥"
"ਸੋ ਕਿਉਂ ਮੰਦਾ ਆਖੀਏ, ਜਿਤ ਜੰਮੇ ਰਾਜਾਨ॥"

'ਸੋ ਕਿਉਂ ਮੰਦਾ ਆਖੀਏ, ਜਿਤ ਜੰਮੇ ਰਾਜਾਨ।' ਮੇਰੇ ਸੱਚੇ ਪਾਤਸ਼ਾਹ ਨੇ ਔਰਤ ਨੂੰ ਕਿੰਨੀ ਵਧੀਆ ਤਰ੍ਹਾਂ ਵਡਿਆਇਆ ਹੈ। ਇਹ ਤਕਰੀਬਨ ਉਹੋ ਹੀ ਸਮਾਂ ਸੀ, ਜਦ ਮਹਾਂ ਕਵੀ ਤੁਲਸੀ ਦਾਸ ਇੱਕ ਪਾਸੇ ਤਾਂ ਮਾਤਾ ਸੀਤਾ ਦੀ ਵਡਿਆਈ ਕਰਦਾ ਨਹੀਂ ਥੱਕਦਾ ਸੀ ਪਰ ਦੂਜੇ ਪਾਸੇ ਆਪਣੇ ਅੰਦਰ ਦੀ ਭਾਵਾਂ ਨੂੰ ਵੀ ਛਪਾ ਨਹੀਂ ਸਕਿਆ ਤੇ ਕਹਿ ਉੱਠਿਆ-

ਢੋਰ, ਗਵਾਰ, ਸੂਦਰ, ਪਸ਼ੂ, ਨਾਰੀ॥
ਯਹ ਸਭ ਤਾੜਨ ਕੇ ਅਧਿਕਾਰੀ॥

ਪਰ ਗੁਰੂ ਘਰ ਨਾਰੀ ਦਾ ਸਦਾ ਤੋਂ ਪਵਿੱਤਰ ਸਤਿਕਾਰ ਬਣਿਆ ਆਇਆ ਹੈ। ਕਿੰਨੀਂ ਵੱਡੀ ਤੇ ਪ੍ਰੈਕਟੀਕਲ ਸਚਾਈ ਹੈ ਕਿ ਦੁਨੀਆਂ ਵਿੱਚ ਪਹਿਲੀ ਸਿੱਖ ਵੀ ਇਕ ਨਾਰੀ ਹੀ ਸੀ ਤੇ ਉਹ ਸੀ ਬਾਬੇ ਨਾਨਕ ਜੀ ਦੀ ਵੱਡੀ ਭੈਣ ਬੇਬੇ ਨਾਨਕੀ

ਜੀ। ਬੇਬੇ ਨਾਨਕੀ ਜੀ ਨੇ ਹੀ ਸਭ ਤੋਂ ਪਹਿਲਾਂ ਵੀਰ ਨਾਨਕ ਵਿੱਚ ਰੱਬੀ ਨੂਰ ਨੂੰ ਪਹਿਚਾਣਿਆ ਸੀ ਅਤੇ ਕਹਿ ਉੱਠੀ ਸੀ-

ਸਾਡੇ ਵਿਹੜੇ ਆਇਆ, ਮਾਏਂ ਨੂਰ ਕੋਈ ਰੱਬ ਦਾ॥
ਸਾਰੇ ਜੱਗ ਵੇਖ ਲਿਆ, ਤੈਨੂੰ ਕਿਉਂ ਨਹੀਂ ਲੱਭਦਾ?

ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਜੀ ਪਾਸੋਂ 'ਮਾਈਆਂ ਰੱਬ ਰਜਾਈਆਂ' ਦਾ ਵਰ ਪ੍ਰਾਪਤ ਕਰਕੇ ਤਾਂ ਬੀਬੀਆਂ ਨੇ ਸਬਰ ਸੰਤੋਖ ਦਾ ਖ਼ਾਜ਼ਾਨਾ ਹੀ ਲੁੱਟ ਲਿਆ ਸੀ।

ਫਿਰ ਖ਼ਾਲਸਾ ਜੀ ਦੇ ਜਨਮ ਵੇਲੇ ਵੀ ਮਾਤਾ ਜੀਤ ਕੌਰ ਜੀ (ਜਿਨ੍ਹਾਂ ਨੂੰ ਬਹੁਤ ਸੁੰਦਰ ਹੋਣ ਕਰਕੇ ਮਾਤਾ ਗੁਜਰੀ ਜੀ 'ਸੁੰਦਰੀ' ਕਿਹਾ ਕਰਦੇ ਸਨ) ਨੇ ਖੰਡੇ ਦੇ ਅੰਮ੍ਰਿਤ ਵਿੱਚ ਪਤਾਸੇ ਪਾ ਕੇ ਜੁਝਾਰੂ ਖ਼ਾਲਸਾ ਜੀ ਨੂੰ ਮਿਠਾਸ ਦੀ ਗੁੜ੍ਹਤੀ ਦਿੱਤੀ।

ਮਾਈ ਭਾਗ ਕੌਰ ਜੀ ਨੇ ਗੁਰੂ ਤੋਂ ਬੇਮੁੱਖ ਹੋਏ ਮਝੈਲ ਸਿੰਘਾਂ ਨੂੰ ਫਿਰ ਗੁਰੂ ਜੀ ਦੇ ਲੜ ਲਾਇਆ ਅਤੇ ਮਾਝੇ ਦੀ ਸਿੱਖੀ ਦੀ ਲਾਜ ਰੱਖੀ। ਮੀਰ ਮਨੂੰ ਦੀ ਜੇਲ੍ਹ ਵਿੱਚ ਬੀਬੀਆਂ ਨੇ ਭੁੱਖਣ-ਭਾਣੇਂ ਸਵਾ-ਸਵਾ ਮਣ ਪੀਸਣ ਹੀ ਨਹੀਂ ਪੀਸਿਆ ਸਗੋਂ ਆਪਣੇ ਬਾਲਾਂ ਦੇ, ਅੱਖਾਂ ਦੇ ਤਾਰਿਆਂ ਦੇ ਟੋਟੇ ਕਰਵਾ ਕੇ ਆਪਣੇ ਗਲਾਂ ਵਿਚ ਵੀ ਪੁਆਏ ਪਰ ਸਿੱਖੀ ਵਿੱਚ ਸਾਲ-ਸਬੂਤੀਆਂ ਸੁਰਖ਼ਰੂ ਹੋਈਆਂ।

ਅਜੇ ਕੱਲ੍ਹ ਦੀ ਗੱਲ ਹੈ ਕਿ ਜੈਤੋ ਦੇ ਮੋਰਚੇ ਸਮੇਂ ਜਦ ਇੱਕ ਬੀਬੀ ਦੇ ਕੁੱਛੜ ਚੁੱਕੇ ਬੱਚੇ ਨੂੰ ਗੋਲੀ ਲੱਗ ਗਈ ਤੇ ਉਹ ਚੜ੍ਹਾਈ ਕਰ ਗਿਆ ਤਾਂ ਮਾਤਾ ਨੇ ਉਸਦੀ ਲਾਸ਼ ਰਾਹ ਵਿਚ ਹੀ ਰੱਖ ਦਿੱਤੀ ਤੇ ਆਪ ਸ਼ਹੀਦੀ ਦੇ ਚਾਅ ਨਾਲ ਅੱਗੇ ਤੁਰ ਗਈ।

ਐਨੀਆਂ ਦ੍ਰਿੜ ਤੇ ਬਹਾਦਰ ਹੋ ਗੁਜ਼ਰੀਆਂ ਹਨ ਸਿੱਖ ਬੀਬੀਆਂ। ਪਰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਭੁੱਲਿਆਂ ਨੂੰ ਰਾਹ ਦਿਖਾਉਣ ਵਾਲੀ ਅਤੇ ਕੁਰਬਾਨੀ ਵੇਲੇ ਮੂਹਰਲੀ ਕਤਾਰ ਵਿੱਚ ਖੜਨ ਵਾਲੀ ਸਿੱਖ ਔਰਤ ਅੱਜ ਆਪਣਾ ਹੀ ਰਾਹ ਭੁੱਲ ਗਈ ਹੈ। ਉਹ ਮਨਮੱਤ ਵਿੱਚ ਮਰਦ ਤੋਂ ਕਿਤੇ ਅੱਗੇ ਲੱਘ ਗਈ ਹੈ। ਜਿੰਨੇ ਵਹਿਮ-ਭਰਮ ਅੱਜ-ਕੱਲ੍ਹ ਬੀਬੀਆਂ ਵਿੱਚ ਪ੍ਰਚੱਲਿਤ ਹਨ ਉਤਨੇ ਮਰਦਾਂ ਵਿੱਚ ਨਹੀਂ ਹਨ। ਧਾਗੇ, ਤਵੀਤ, ਪੁੱਛਣਾ, ਸੱਖਣਾ, ਮੜ੍ਹੀ-ਮਸਾਣਾ ਦੀ ਪੂਜਾ, ਰੱਖੜੀ, ਸਰਾਧ, ਵਰਤ, ਮਨਮਤੀ ਫੈਸ਼ਨ, ਰੋਮਾਂ ਦੀ ਬੇਅਦਬੀ, ਭਰਵੱਟੇ ਪੁੱਟਣੇ, ਬੁੱਲ੍ਹ ਰੰਗਣੇ, ਟਿੱਕੇ ਲਾਉਣੇ, ਪਾਰੇ ਮਿਲਿਆ ਜ਼ਹਿਰੀ ਸੰਧੂਰ ਸਿਰ ਵਿੱਚ ਪਾਉਣਾ, ਗੱਲ ਕੀ ਹਰ ਉਹ ਮਨਮਤ ਜੋ ਸਿੱਖੀ ਵਿੱਚ ਵਿਵਰਜਿਤ ਹੈ, ਉਹ ਅੱਜ ਦੀ ਬਹੁ-ਗਿਣਤੀ ਔਰਤ ਨੇ ਅਪਨਾਅ ਲਈ ਹੈ। ਨਹੀਂ ਅਪਨਾਈ ਤਾਂ ਸਿਰਫ਼ ਸਿੱਖੀ ਨਹੀਂ ਅਪਨਾਈ।

ਇਸੇ ਲਈ ਆਖ਼ਿਰ ਵਿਚ ਪੇਸ਼ ਹੈ ਕੁਝ ਇਹੋ ਜਿਹੀ ਹੀ ਤਸਵੀਰ ਛੋਟੇ ਛੋਟੇ ਬੱਚਿਆਂ ਦੀ ਜ਼ੁਬਾਨੀ:-

## ਗੀਤ

ਗਲ ਗਤਰਾ, ਕੇਸਾਂ ਦੇ ਵਿੱਚ ਕੰਘਾ,
ਤੇ ਕਰਵੇ ਦੀ ਡੇਟ ਪੁੱਛਦੀ॥
ਦੋਹਾਂ ਬੇੜੀਆਂ 'ਚ ਪੈਰ ਨਹੀਉਂ ਚੰਗਾ,
ਤੇ ਕਰਵੇ ਦੀ ਡੇਟ ਪੁੱਛਦੀ॥

ਸਭ ਦਾ ਧਰਮ ਭਾਵੇਂ ਥਾਉਂ ਥਾਈਂ ਠੀਕ ਹੈ॥
ਖਿੱਚੜੀ ਬਨਾਉਣੀ ਪਰ ਠੀਕ ਕਿੱਥੋਂ ਤੀਕ ਹੈ ?
ਚੰਗਾ ਨਹੀਂ ਸਾਰੇ ਪਾਸੀਂ ਲੈਣਾ ਪੰਗਾ,
ਤੇ ਕਰਵੇ ਦੀ ਡੇਟ ਪੁੱਛਦੀ॥
ਗਲ ਗਾਤਰਾ ... ...

ਬੁੱਤ ਪੂਜਾ, ਵਰਤ, ਸਰਾਧ ਸਿੱਖੀ ਰੋਕਦੀ॥
ਮਰਿਆਂ ਦੀ ਪੂਜਣੀ, ਸਮਾਧ ਸਿੱਖੀ ਰੋਕਦੀ॥
ਸੱਚੇ ਨਾਮ ਦੀ ਵਗਾਉਂਦੇ ਜਾਉ ਗੰਗਾ,
ਤੇ ਕਰਵੇ ਦੀ ਡੇਟ ਪੁੱਛਦੀ॥
ਗਲ ਗਾਤਰਾ ... ...

ਗੁਰੂ ਦੇ ਦਵਾਰੇ ਜਾਵੇ, ਪੂਜੇ ਨਾਲੇ ਪੀਰ ਵੀ॥
ਸੱਪਾਂ ਨੂੰ ਪਿਲਾਵੇ ਦੁੱਧ, ਪੰਡਤਾਂ ਨੂੰ ਖੀਰ ਵੀ॥
ਕੰਮ ਕਰਦੀ ਦੋ-ਚਿੱਤੀ 'ਚ ਬੇ-ਢੰਗਾ,
ਤੇ ਕਰਵੇ ਦੀ ਡੇਟ ਪੁੱਛਦੀ॥
ਗਲ ਗਾਤਰਾ ... ...

ਹੱਥ ਵਿਚ ਕੜ੍ਹਾ, ਨਾਲੇ ਚੂੜੀਆਂ ਸਜਾਉਂਦੀ ਹੈ॥
ਸਿਰ ਵਿਚ ਕੰਘਾ, ਤੇ ਸੰਧੂਰ ਵੀ ਲਗਾਉਂਦੀ ਹੈ॥
ਚੁੰਨੀ ਮੋਢਿਆਂ 'ਤੇ ਸੀਸ ਰੱਖੇ ਨੰਗਾ,
ਤੇ ਕਰਵੇ ਦੀ ਡੇਟ ਪੁੱਛਦੀ॥
ਗਲ ਗਾਤਰਾ ... ...

ਪੱਕੇ ਪੈਰੀਂ ਇੱਕੋ ਦਰ 'ਤੇ ਖਲੋਣਾ ਚਾਹੀਦੈ॥
ਛੱਡ ਕੇ ਦੋ-ਚਿੱਤੀ ਇੱਕੋ ਪਾਸੇ ਹੋਣਾ ਚਾਹੀਦੈ॥
ਜਿਹੜਾ ਇਕ ਦਾ ਬਣੂੰਗਾ, ਰਹੂ ਚੰਗਾ,
ਤੇ ਕਰਵੇ ਦੀ ਡੇਟ ਪੁੱਛਦੀ॥
ਗਲ ਗਾਤਰਾ ਕੇਸਾਂ ਦੇ ਵਿੱਚ ਕੰਘਾ,
ਤੇ ਕਰਵੇ ਦੀ ਡੇਟ ਪੁੱਛਦੀ॥

ਸਾਧ-ਸੰਗਤ ਜੀਓ, ਆਪ ਜੀ ਦੇ ਦਾਸ ਅਤੇ ਨਵਦੀਪ ਮਾਡਲ ਸਕੂਲ ਦਕੋਹਾ (ਜਲੰਧਰ) ਦੇ ਬੱਚਿਆਂ ਨੂੰ ਆਪ ਜੀ ਵੱਲੋਂ ਬਖ਼ਸ਼ਿਸ਼ ਕੀਤਾ ਹੋਇਆ ਵਕਤ ਖ਼ਤਮ ਹੁੰਦਾ ਹੈ। ਇਹੋ ਜਿਹੀ ਸੇਵਾ ਨਿਭਾਉਣ ਲਈ ਫਿਰ ਕਦੇ ਹਾਜ਼ਿਰ ਹੋਵਾਂਗੇ। ਗੁਰੂ ਰੂਪ ਖ਼ਾਲਸਾ ਜੀਓ, ਇਜਾਜ਼ਤਾਂ ਬਖ਼ਸ਼ੋ ਤੇ ਗੁਰੂ ਸਾਹਿਬ ਜੀ ਦੀ ਬਖ਼ਸ਼ੀ ਹੋਈ ਫ਼ਤਿਹ ਬੁਲਾਉ-

ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫ਼ਤਿਹ!!

●
●●
●●●
●●●●

(ਇਹ ਪੁਸਤਕਾ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁਭ-ਆਗਮਨ-ਪੁਰਬ 'ਤੇ ਮਿਤੀ 21 ਨਵੰਬਰ 1991 ਨੂੰ, 'ਅਰਸ਼ਦੀਪ ਪ੍ਰਕਾਸ਼ਨ, 421-ਦਕੋਹਾ (ਜਲੰਧਰ) ਵੱਲੋਂ ਛਾਪ ਕੇ ਮੁਫ਼ਤ ਵੰਡੀ ਗਈ। ਪ੍ਰੇਮੀ ਸੱਜਣ ਮੁਫ਼ਤ ਵੰਡਣ ਵਾਸਤੇ ਹੋਰ ਕਾਪੀਆਂ ਮੁਫ਼ਤ ਮੰਗਵਾਉਣ ਵਾਸਤੇ ਦਾਸ, ਅਮਰਜੀਤ ਸਿੰਘ ਸੰਧੂ, 421-ਦਕੋਹਾ (ਜਲੰਧਰ), ਫੋਨ ਨੰ :- 94636-13528 ਤੇ ਸੰਪਰਕ ਕਰਨ। ਧੰਨਵਾਦੀ ਹੋਵਾਂਗੇ।)

●●●●
●●●
●●
●